ਨੰ : ਸੀ.ਸਹਾਇਕ (ਅਮਲਾ)/ਆਰ.ਟੀ.ਆਈ.ਅਪੀਲ/ਸੰ:ਰ:ਜ:/.2151. ਮਿਤੀ : 29/9/23
ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਸੇਵਾ ਵਿਖੇ,

ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ।

ਰਜਿਸਟਰਾਰ
ਸਹਿਕਾਰੀ ਸਭਾਵਾਂ ਪੰਜਾਬ,
ਚੰਡੀਗੜ੍ਹ।
16 OCT 2023
ਨੰਬਰ 9060

ਵਿਸ਼ਾ :- ਆਰ.ਟੀ.ਆਈ.ਐਕਟ-2005 ਤਹਿਤ ਦਾਇਰ ਕੀਤੀ ਗਈ ਅਪੀਲ ਦਾ ਫੈਸਲਾ ਆੱਨ-ਲਾਈਨ ਕਰਨ ਬਾਰੇ।

ਯਾਦ ਪੱਤਰ :

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਨਿਸ਼ਾਨਪ੍ਰੀਤ ਅੱਤਰੀ, ਮਕਾਨ ਨੰਬਰ 165/ 13, ਜੇਲ ਰੋਡ, ਗੁਰਦਾਸਪੁਰ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਰਾਹੀਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਇਸ ਦਫਤਰ ਵਿੱਚ ਅਪੀਲ ਦਾਇਰ ਕੀਤੀ ਗਈ ਸੀ। ਇਸ ਅਪੀਲ ਦਾ ਫੈਸਲਾ ਇਸ ਅਦਾਲਤ ਵਲੋਂ ਮਿਤੀ : 29.09.2023 ਨੂੰ ਕਰ ਦਿੱਤਾ ਗਿਆ ਹੈ।

ਡਾਇਰੈਕਟੋਰੇਟ, ਪ੍ਰਸ਼ਾਸਨਿਕ ਸੁਧਾਰ, ਪੰਜਾਬ (ਆਰ.ਟੀ.ਆਈ.ਨੋਡਲ ਸੈਲ-ਪੰਜਾਬ ਸਿਵਲ ਸਕੱਤਰੇਤ-2) ਸੈਕਟਰ-9, ਚੰਡੀਗੜ੍ਹ ਜੀ ਵਲੋਂ ਜਾਰੀ ਪੱਤਰ ਨੰ : ਅੰ.ਵਿ.ਪੱ ਨੰ: 51/8/2014/2 ਆਰ.ਟੀ.ਆਈ.ਐਨ.ਸੀ./ 162, ਮਿਤੀ : 29.06.2015, ਜੋ ਮੁੱਖ-ਦਫਤਰ ਦੇ ਪਿੱਠ ਅੰਕਣ ਨੰ : ਅਮਲਾ/ ਅਸਗ-2/ ਆਰ.ਟੀ. ਆਈ./ 7698, ਮਿਤੀ : 29.06.2015 ਰਾਹੀਂ ਇਸ ਦਫਤਰ ਵਿੱਚ ਪ੍ਰਾਪਤ ਹੋਇਆ, ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਨਿਸ਼ਾਨਪ੍ਰੀਤ ਅੱਤਰੀ, ਅਪੀਲਕਰਤਾ ਵਲੋਂ ਦਾਇਰ ਕੀਤੀ ਗਈ ਅਪੀਲ ਅਤੇ ਇਸ ਅਦਾਲਤ ਵਲੋਂ ਕੀਤੇ ਗਏ ਫੈਸਲਾ ਮਿਤੀ : 29.09.2023 ਦੀ ਤਸਦੀਕਸ਼ੁਦਾ ਕਾਪੀ ਇਸ ਪੱਤਰ ਨਾਲ ਨੱਥੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਦਸਤਾਵੇਜ਼ ਵਿਭਾਗ ਦੀ ਵੈਬ-ਸਾਈਟ ਤੇ ਆੱਨ-ਲਾਈਨ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਸਹਿਪੱਤਰ/ ਉਪਰੋਕਤ ਅਨੁਸਾਰ।

ਸੰਯੁਕਤ ਰਜਿਸਟਰਾਰ
(ਐਪੀਲਾਂਟ ਅਥਾਰਟੀ)
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਆਰ. ਟੀ. ਆਈ. ਸ਼ਾਖਾ
ਡਾਇਰੀ ਨੰ. 1037
ਮਿਤੀ 17/10/23

upload

19/10/23

**ਸੰਯੁਕਤ ਰਜਿਸਟਰਾਰ (ਐਪੀਲਾਂਟ ਅਥਾਰਟੀ) ਸਹਿਕਾਰੀ ਸਭਾਵਾਂ ਜਲੰਧਰ ਮੰਡਲ, ਸੀ.ਸੀ.ਬੀ ਜਲੰਧਰ, ਚੌਥੀ ਮੰਜਿਲ, ਸਾਹਮਣੇ ਵੱਡਾ ਡਾਕਖਾਨਾ, ਸਿਵਲ ਲਾਈਨਜ਼, ਜਲੰਧਰ, ਈ-ਮੇਲ ਐਡਰੈਸ : jrjalandhar1@gmail.com**

ਨਿਸ਼ਾਨਪ੍ਰੀਤ ਅੰਤਰੀ,
ਮਕਾਨ ਨੰਬਰ 165/ 13, ਜੇਲ ਰੋਡ,
ਗੁਰਦਾਸਪੁਰ।

......ਐਪੀਲੈਂਟ.....

ਬਨਾਮ

ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਗੁਰਦਾਸਪੁਰ।

.... ਰਿਸਪੌਂਡੈਂਟ ....

ਅਪੀਲ ਰਾਈਟ ਟੂ ਇਨਫਰਮੇਸ਼ਨ ਐਕਟ - 2005 ਦੇ ਸੈਕਸ਼ਨ 19 ਤਹਿਤ ਅਪੀਲ।

ਹਾਜਰੀ ਮਿਤੀ : 29.09.2023 :

ਸ੍ਰੀ ਦਿਲਰਾਜ ਸਿੰਘ, ਸੁਪਰਡੈਂਟ ਦਰਜਾ-।। ਦਫਤਰ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਗੁਰਦਾਸਪੁਰ।

ਹੁਕਮ :

ਮਿਸਲ ਸੁਣਵਾਈ ਲਈ ਪੇਸ਼ ਹੋਈ। ਪ੍ਰਾਰਥੀ ਵਲੋਂ ਦਰਖਾਸਤ ਮਿਤੀ : 11.09.2023 ਰਾਹੀਂ ਰਾਈਟ ਟੂ ਇਨਫਰਮੇਸ਼ਨ ਐਕਟ - 2005 ਤਹਿਤ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਗੁਰਦਾਸਪੁਰ ਪਾਸੋਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ। ਅਪੀਲ ਅਨੁਸਾਰ ਪ੍ਰਾਰਥੀ ਵਲੋਂ ਦਰਖਾਸਤ ਮਿਤੀ : 10.08.2023 ਰਾਹੀਂ ਰਾਈਟ ਟੂ ਇਨਫਰਮੇਸ਼ਨ ਐਕਟ - 2005 ਤਹਿਤ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਗੁਰਦਾਸਪੁਰ ਪਾਸੋਂ ਹੇਠ ਲਿਖੇ ਅਨੁਸਾਰ ਸੂਚਨਾ ਲੈਣ ਵਾਸਤੇ ਅਪਲਾਈ ਕੀਤਾ ਗਿਆ ਸੀ :-

> "Certified copy of the "ਡਾਕ ਵੰਡ ਰਜਿਸਟਰ" of the office of Assistant Registrar Cooperative Societies Gurdaspur of the month August, 2022."

ਅਪੀਲ ਅਨੁਸਾਰ ਪ੍ਰਾਰਥੀ ਵਲੋਂ ਮੰਗੀ ਗਈ ਉਕਤ ਅਨੁਸਾਰ ਸੂਚਨਾ ਉਸਨੂੰ ਉਪਲਬੱਧ ਨਹੀਂ ਕਰਵਾਈ ਗਈ। ਪ੍ਰਾਰਥੀ ਵਲੋਂ ਅਪੀਲ ਰਾਹੀਂ ਬੇਨਤੀ ਕੀਤੀ ਗਈ ਕਿ ਉਸ ਵਲੋਂ ਮੰਗੀ ਗਈ ਸੂਚਨਾ ਉਸਨੂੰ ਉਪਲਬੱਧ ਕਰਵਾਈ ਜਾਵੇ।

ਅਪੀਲ ਦੀ ਸੁਣਵਾਈ ਵਾਸਤੇ ਦੋਵੇਂ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਅਤੇ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਗੁਰਦਾਸਪੁਰ ਨੂੰ ਹਦਾਇਤ ਕੀਤੀ ਗਈ ਕਿ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਉਸਨੂੰ ਅਪੀਲ ਦੀ ਸੁਣਵਾਈ ਦੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾ ਕੇ ਇਸ ਨਾਲ ਸਬੰਧਤ ਰੀਕਾਰਡ ਅਪੀਲ ਦੀ ਸੁਣਵਾਈ ਦੌਰਾਨ ਪੇਸ਼ ਕੀਤਾ ਜਾਵੇ।

ਮਿਤੀ : 29.09.2023 ਨੂੰ ਅਪੀਲ ਦੀ ਸੁਣਵਾਈ ਦੌਰਾਨ ਹਾਜਰ ਆਏ ਸ੍ਰੀ ਦਿਲਰਾਜ ਸਿੰਘ, ਸੁਪਰਡੈਂਟ ਦਰਜਾ-।। ਵਲੋਂ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਗੁਰਦਾਸਪੁਰ ਦੇ ਪੱਤਰ ਨੰ : ਨਿਗਰਾਨ/

........2.......

ਸਰਜ/ 318, ਮਿਤੀ : 28.09.2023 ਰਾਹੀਂ ਦਿੱਤਾ ਗਿਆ ਜਵਾਬ ਪੇਸ਼ ਕੀਤਾ ਗਿਆ। ਜਵਾਬ ਅਨੁਸਾਰ ਸ੍ਰੀ ਨਿਸ਼ਾਨਪ੍ਰੀਤ ਅੱਤਰੀ, ਨਰੀਖਕ ਦੇ ਖਿਲਾਫ ਕਰੱਪਸ਼ਨ ਸਬੰਧੀ ਗੰਭੀਰ ਸ਼ਿਕਾਇਤ ਦੀ ਪੜਤਾਲ ਵਿਜੀਲੈਂਸ ਬਿਓਰੋ, ਗੁਰਦਾਸਪੁਰ ਅਤੇ ਮਾਨਯੋਗ ਸੰਯੁਕਤ ਰਜਿਸਟਰਾਰ ਸਹਿਕਾਰੀ ਸਭਾਵਾਂ ਪਟਿਆਲਾ ਮੰਡਲ, ਪਟਿਆਲਾ ਪਾਸ ਚੱਲ ਰਹੀ ਹੈ, ਕਿਉਂਕਿ ਸ੍ਰੀ ਨਿਸ਼ਾਨਪ੍ਰੀਤ ਅੱਤਰੀ, ਨਰੀਖਕ ਨਾਲ ਸਬੰਧਤ ਸਾਰੀ ਰਿਕਾਰਡ ਪੜਤਾਲੀਆ ਅਫਸਰ/ ਉੱਚ ਅਧਿਕਾਰੀਆਂ ਨੂੰ ਦੇ ਦਿੱਤਾ ਗਿਆ ਹੈ ਅਤੇ ਨਰੀਖਕ ਦੇ ਖਿਲਾਫ ਇਸ ਦਫਤਰ ਵਿਖੇ ਕੋਈ ਵੀ ਪੜਤਾਲ ਜੇਰੇ ਸੁਣਵਾਈ ਨਹੀਂ ਹੈ। ਫਿਰ ਵੀ ਸ੍ਰੀ ਨਿਸ਼ਾਨਪ੍ਰੀਤ ਅੱਤਰੀ, ਨਰੀਖਕ ਵਲੋਂ ਬਾਰ-ਬਾਰ ਬਦਲ ਕੇ ਇਸ ਦਫਤਰ ਕੋਲੋਂ ਆਪਣੀ ਸ਼ਿਕਾਇਤ ਨਾਲ ਸਬੰਧਤ ਰਿਕਾਰਡ ਦੀ ਮੰਗ ਕੀਤੀ ਜਾ ਰਹੀ ਹੈ, ਜਿਸ ਵਿੱਚ ਦਫਤਰੀ ਡਾਕ ਵੰਡ ਰਜਿਸਟਰ, ਜਿਸ ਵਿੱਚ ਵੱਖ-ਵੱਖ ਵਿਭਾਗਾਂ ਨੂੰ ਪੱਤਰ ਜਾਰੀ ਕੀਤੇ ਗਏ ਹਨ ਅਤੇ ਦਫਤਰ ਦੇ ਮੁਲਾਜ਼ਮਾਂ ਦੀਆਂ ਨਿੱਜੀ ਜਾਣਕਾਰੀਆਂ ਵੀ ਸ਼ਾਮਿਲ ਹਨ। ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਗੁਰਦਾਸਪੁਰ ਵਲੋਂ ਆਪਣੀ ਰਿਪੋਰਟ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਆਰ.ਟੀ.ਆਈ. ਐਕਟ-2005 ਦੇ ਚੈਪਟਰ 2 ਦੇ ਨੁਕਤਾ 8 "Exemption from disclosure of information ਦਾ ਨੁਕਤਾ (H) information which would implede the process of investigation or apprehension or prosecution of offenders ਅਤੇ ਨੁਕਤਾ (G) Information the disclosure of which would endanger the life or physical safety or any person or identity the source of information or assistance given in confidence for law enforcement or security purpose" ਮੁਤਾਬਕ ਪ੍ਰਾਰਥੀ ਨੂੰ ਸੂਚਨਾ ਮੁਹੱਈਆ ਨਹੀਂ ਕਰਵਾਈ ਜਾ ਸਕਦੀ। ਜਵਾਬ ਵਿੱਚ ਲਿਖਿਆ ਗਿਆ ਹੈ ਕਿ ਨਰੀਖਕ ਵਲੋਂ ਜੋ ਸੂਚਨਾਵਾਂ ਮੰਗੀਆਂ ਜਾ ਰਹੀਆਂ ਹਨ, ਉਸ ਨਾਲ ਉੱਚ ਅਧਿਕਾਰੀਆਂ ਪਾਸ ਚੱਲ ਰਹੀ ਸ਼ਿਕਾਇਤ ਦੀ ਪੜਤਾਲ ਪ੍ਰਭਾਵਿਤ ਹੋ ਸਕਦੀ ਹੈ, ਜੱਦਕਿ ਇਸ ਸਬੰਧੀ ਸਾਰੀ ਰਿਕਾਰਡ ਪੜਤਾਲੀਆ ਅਫਸਰ/ ਉੱਚ ਅਧਿਕਾਰੀਆਂ ਨੂੰ ਮੁਹੱਈਆ ਕਰਵਾਇਆ ਜਾ ਚੁੱਕਾ ਹੈ।

ਪ੍ਰਾਰਥੀ ਵਲੋਂ ਦਿੱਤੀ ਗਈ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਮਿਤੀ : 10.08.2023 ਅਨੁਸਾਰ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਗੁਰਦਾਸਪੁਰ ਦਫਤਰ ਦੇ ਮਹੀਨਾ ਅਗਸਤ, 2022 ਦੇ ਡਾਕ ਵੰਡ ਰਜਿਸਟਰ ਦੀ ਸੂਚਨਾ ਲੈਣ ਲਈ ਅਪਲਾਈ ਕੀਤਾ ਗਿਆ ਸੀ। ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਗੁਰਦਾਸਪੁਰ ਵਲੋਂ ਦਿੱਤੇ ਜਵਾਬ ਅਨੁਸਾਰ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਪ੍ਰਾਰਥੀ ਦੀ ਵਿਜੀਲੈਂਸ ਬਿਓਰੋ, ਗੁਰਦਾਸਪੁਰ ਅਤੇ ਸੰਯੁਕਤ ਰਜਿਸਟਰਾਰ ਸਹਿਕਾਰੀ ਸਭਾਵਾਂ ਪਟਿਆਲਾ ਮੰਡਲ ਪਟਿਆਲਾ ਵਿਖੇ ਚੱਲ ਰਹੀ ਪੜਤਾਲ ਨੂੰ ਪ੍ਰਭਾਵਿਤ ਕਰ ਸਕਦੀ ਹੈ ਅਤੇ ਇਸ ਸੂਚਨਾ ਵਿੱਚ ਦਫਤਰ ਦੇ ਕਰਮਚਾਰੀਆਂ ਦੀ ਨਿੱਜੀ ਸੂਚਨਾ ਵੀ ਸ਼ਾਮਿਲ ਹੈ। ਇਸ ਲਈ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਗੁਰਦਾਸਪੁਰ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਚੈਪਟਰ 2 ਦੇ ਨੁਕਤਾ 8(H) ਅਤੇ (G) ਅਨੁਸਾਰ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਉਸਨੂੰ ਦੇਣ ਤੋਂ ਇਨਕਾਰ ਕੀਤਾ ਗਿਆ ਹੈ।

ਦੋਵਾਂ ਧਿਰਾਂ ਨੂੰ ਸੁਣਨ ਅਤੇ ਰਿਕਾਰਡ ਦੀ ਘੋਖ ਕਰਨ ਉਪਰੰਤ ਮੈਂ, ਇਸ ਸਿੱਟੇ ਤੇ ਪੰਹੁਚੀ ਹਾਂ ਕਿ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਗੁਰਦਾਸਪੁਰ ਪ੍ਰਾਰਥੀ ਵਲੋਂ ਦਿੱਤੀ ਗਈ ਦਰਖਾਸਤ 10.08.2023 ਅਨੁਸਾਰ ਮੰਗੀ ਗਈ ਸੂਚਨਾ ਦੀ ਦੋਬਾਰਾ ਘੋਖ ਕਰੇ ਅਤੇ ਸੂਚਨਾ ਵਿੱਚ ਦਰਜ ਮੁਲਾਜ਼ਮਾਂ ਦੀ ਪਰਸਨਲ ਸੂਚਨਾ ਅਤੇ ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਚੈਪਟਰ

........3.......

2 ਦੇ ਨੁਕਤਾ 8(H) ਅਤੇ (G) ਅਨੁਸਾਰ ਨਾ ਦਿੱਤੇ ਜਾਣ ਵਾਲੀ ਸੂਚਨਾ ਤੋਂ ਇਲਾਵਾ ਜਿਹੜੀ ਵੀ ਸੂਚਨਾ, ਜੋ larger public interest ਵਿੱਚ ਪ੍ਰਾਰਥੀ ਨੂੰ ਮੁਹੱਈਆ ਕਰਵਾਈ ਜਾਣੀ ਬਣਦੀ ਹੈ, ਉਹ ਪ੍ਰਾਰਥੀ ਨੂੰ ਤੁਰੰਤ ਮੁਹੱਈਆ ਕਰਵਾਈ ਜਾਵੇ।

ਮਾਨਯੋਗ ਸਟੇਟ ਇਨਫਰਮੇਸ਼ਨ ਕਮਿਸ਼ਨ, ਪੰਜਾਬ, ਚੰਡੀਗੜ੍ਹ ਜੀ ਵਲੋਂ ਇਸ ਮਾਮਲੇ ਸਬੰਧੀ ਜੇਕਰ ਕੋਈ ਐਡਵਰਸ ਹੁੱਕਮ ਪਾਸ ਕੀਤੇ ਗਏ ਤਾਂ ਸਬੰਧਤ ਅਧਿਕਾਰੀ/ਕਰਮਚਾਰੀ ਦੀ ਨਿੱਜੀ ਜਿੰਮੇਵਾਰੀ ਹੋਵੇਗੀ।

ਮਿਤੀ : 29.09.2023.

(ਸਰਬਜੀਤ ਕੌਰ)
ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ ਜਲੰਧਰ ਮੰਡਲ ਜਲੰਧਰ।